بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.08.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਅਲੱਾਹ ਤਆਲਾ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਰਹਿਣ ਵਾਲਿਆਂ ਦੇ ਦਿਲਾਂ ਵਿੱਚ ਅਹਮਦੀਅਤ ਬਾਰੇ ਤਹਿਰੀਕ ਕਰਦਾ ਹੈ, ਕਈਆਂ ਨੂੰ ਸੁਪਨਿਆਂ ਰਾਹੀਂ ਅਹਮਦੀਅਤ ਦੀ ਸਚੱਾਈ ਦੱਸ ਰਿਹਾ ਹੁੰਦਾ ਹੈ, ਕਿਤੇ ਕੋਈ ਕਿਤਾਬ ਜਾਂ ਲਿਟ੍ਰੇਚਰ ਪ੍ਰਚਾਰ ਦਾ ਸਬਬ ਬਣ ਜਾਂਦਾ ਹੈ, ਕਿਤੇ ਅਹਮਦੀਅਤ ਦੀ ਵਿਰੋਧਤਾ ਅਹਮਦੀਅਤ ਨੂੰ ਫੈਲਾਉਣ ਵਿੱਚ ਖਾਦ ਦਾ ਕੰਮ ਕਰ ਦਿੰਦੀ ਹੈ, ਕਿਤੇ ਅਮਹਦੀਆਂ ਦੇ ਆਚਰਣ, ਦੂਜਿਆਂ ਨੂੰ ਅਹਮਦੀਅਤ ਵੱਲ ਆਕਰਸ਼ਤ ਕਰਦੇ ਹਨ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਅਗਸਤ 2016 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਰਤਾਨੀਆਂ ਦੇ ਜਲਸੇ ਦੇ ਦੂਜੇ ਦਿਨ ਰੱਬ ਦੀਆਂ ਮਿਹਰਾਂ ਦੀ ਵਰਖਾ ਬਾਰੇ ਵਰਨਣ ਹੁੰਦਾ ਹੈ ਜਿੱਥੇ ਵੱਖ ਵੱਖ ਵਿਭਾਗਾਂ ਦੇ ਅੰਕੜੇ ਪੇਸ਼ ਹੁੰਦੇ ਹਨ । ਜਮਾਤ ਦੀ ਤਰੱਕੀ ਦਾ ਵਰਨਣ ਹੁੰਦਾ ਹੈ । ਇਹਨਾਂ ਅੰਕੜਿਆਂ ਨਾਲ ਇਹਨਾਂ ਨਾਲ ਸੰਬੰਧਤ ਘਟਨਾਵਾਂ ਵੀ ਵਰਨਣ ਕਰਦਾ ਹਾਂ, ਪਰ ਡੇਢ੍ਹ ਦੋ ਘੰਟਿਆਂ ਵਿੱਚ ਅੰਕੜਿਆਂ ਦਾ ਵਿਸਥਾਰ ਵਰਨਣ ਨਹੀਂ ਕੀਤਾ ਜਾ ਸਕਦਾ ਅਤੇ ਨ ਹੀ ਘਟਨਾਵਾਂ ਵਰਨਣ ਕੀਤੀਆਂ ਜਾ ਸਕਦੀਆਂ ਹਨ ਅਜੇ ਜੋ ਨੋਟਸ ਪੜ੍ਹਨ ਲਈ ਮੈਂ ਨਾਲ ਲੈਕੇ ਆਉਦਾ ਹਾਂ ਉਹ ਲਗਭਗ ਉਸੇ ਤਰ੍ਹਾਂ ਵਾਪਸ ਚਲੇ ਜਾਂਦੇ ਹਨ । ਇਹ ਅੰਕੜੇ ਤਹਿਰੀਕੇ ਜਦੀਦ ਨੇ ਪ੍ਰਕਾਸਤ ਕਰਨੇ ਸ਼ੁਰੂ ਕੀਤੇ ਹਨ, ਕਿਤਾਬੀ ਰੂਪ ਵਿੱਚ ਪ੍ਰਕਾਸ਼ਤ ਹੋ ਰਹੇ ਹਨ । ਜਿੱਥੋਂ ਤੱਕ ਘਟਨਾਵਾਂ ਦਾ ਸੰਬੰਧ ਹੈ ਉਹ ਮੈਂ ਵੱਖ ਵੱਖ ਸਮਿਆਂ ਵਿੱਚ ਵਰਨਣ ਕਰਦਾ ਰਹਿੰਦਾ ਹਾਂ, ਅੱਜ ਵੀ ਉਹਨਾਂ ਵਿੱਚੋਂ ਕੁਝ ਘਟਨਾਵਾਂ ਵਰਨਣ ਕਰਾਂਗਾ ਜਿੰਨ੍ਹਾ'ਤੋਂ ਪਤਾ ਲਗੱਦਾ ਹੈ ਕਿ ਕਿਵੇਂ ਰੱਬ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਰਹਿਣ ਵਾਲਿਆਂ ਦੇ ਦਿਲਾਂ ਵਿੱਚ ਤਹਿਰੀਕ ਕਰਦਾ ਹੈ । ਕਈਆਂ ਨੂੰ ਸੁਪਨਿਆਂ ਰਾਹੀਂ ਅਹਮਦੀਅਤ ਦੀ ਸਚੱਾਈ ਦੱਸ ਰਿਹਾ ਹੁੰਦਾ ਹੈ ਕਿਤੇ ਕੋਈ ਕਿਤਾਬ ਜਾਂ ਲਿਟ੍ਰੇਚਰ ਪ੍ਰਚਾਰ ਦਾ ਸਬਬ ਬਣ ਜਾਂਦਾ ਹੈ ਕਿਤੇ ਅਹਮਦੀਅਤ ਦੀ ਵਿਰੋਧਤਾ ਅਹਮਦੀਅਤ ਨੂੰ ਫੈਲਾਉਣ ਵਿੱਚ ਖਾਦ ਦਾ ਕੰਮ ਦਿੰਦੀ ਹੈ । ਕਿਤੇ ਅਮਹਦੀਆਂ ਦੇ ਆਚਰਣ ਦੂਜਿਆਂ ਨੂੰ ਅਹਮਦੀਅਤ ਵੱਲ ਆਕਰਸ਼ਤ ਕਰਦੇ ਹਨ । ਫਿਰ ਅਜਿਹੀਆਂ ਘਟਨਾਵਾਂ ਵੀ ਹਨ ਜੋ ਦੂਰ ਦੁਰਾਡੇ ਦੇਸ਼ਾਂ ਵਿੱਚ ਰਹਿਣ ਵਾਲਿਆਂ ਦੇ ਅਹਮਦੀਅਤ ਉਪੱਰ ਈਮਾਨ ਅਤੇ ਵਿਸ਼ਵਾਸ ਦੇ ਹੈਰਾਨੀ ਭਰੇ ਨਜ਼ਾਰੇ ਵੀ ਸਾਨੂੰ ਦਿਖਾਉਦੇ ਹਨ । ਬੱਚਿਆਂ ਦੀ ਤਾਰਬੀਯਤ (ਸੀਖ ਸਿੱਖਿਆ) ਨੂੰ ਦੇਖੀਏ ਤਾਂ

ਅਹਮਦੀਅਤ ਕੁਬੂਲ ਕਰਨ ਜਾਂ ਅਮਹਦੀਆਂ ਦੀ ਸੰਗਤ ਵਿੱਚ ਰਹਿਣ ਨਾਲ ਬੱਚਿਆਂ ਵਿੱਚ ਵੀ ਹੈਰਾਨੀ ਭਰੀ ਤਬਦੀਲੀ ਪੈਦਾ ਹੁੰਦੀ ਹੈ ਜਿਸਨੂੰ ਦੂਜੇ ਵੀ ਅਨੁਭਵ ਕੀਤੇ ਬਿਨਾ ਨਹੀਂ ਰਹਿ ਸਕਦੇ । ਸੰਖੇਪ ਇਹ ਕਿ ਜੇਕਰ ਨਿਆਏ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਬੇਸ਼ਕ ਅਸੀਂ ਇਕ ਵਿਵਸਥਾ (ਨਿਜ਼ਾਮ) ਹੇਠ ਇਸਲਾਮ ਦਾ ਹਕੀਕੀ ਸੰਦੇਸ਼ ਪਹੁੰਚਾਉਣ ਦਾ ਜਤਨ ਕਰਦੇ ਹਾਂ ਪਰ ਜੋ ਫਲ ਰੱਬ ਲਗਾਉਂਦਾ ਹੈ ਉਹ ਇਸ ਤੋਂ ਬਹੁਤ ਅਧਿਕ ਹਨ ਜੋ ਸਾਡੇ ਜਤਨ ਹੁੰਦੇ ਹਨ । ਅਹਮਦੀਅਤ ਦੀ ਤਰੱਕੀ ਸਾਡੇ ਜਤਨਾਂ ਅਤੇ ਸਾਧਨਾ ਰਾਹੀਂ ਨਹੀਂ ਸਗੋਂ ਰੱਬ ਦੀਆਂ ਮਿਹਰਾਂ ਨਾਲ ਹੋ ਰਹੀ ਹੈ । ਹੁਣ ਮੈਂ ਕੁਝ ਘਟਨਾਵਾਂ ਪੇਸ਼ ਕਰਦਾ ਹਾਂ :

ਗਿਨੀ ਕਿਨਾਕਰੀ ਦੇ ਮੁਬੱਲਗ਼ ਲਿਖੱਦੇ ਹਨ ਕਿ ਜਮਤੀ ਪਰੀਚੈ ਉਪੱਰ ਅਧਾਰਤ ਦੋ ਪੰਨਿਆਂ ਦਾ ਲੀਫ਼ਲੈਟ ਰੱਬ ਦੀ ਮਿਹਰ ਨਾਲ ਵਿਸ਼ਾਲ ਖੇਤਰ ਵਿੱਚ ਫੈਲ ਚੁਕਿਆ ਹੈ ਅਤੇ ਸਾਨੂੰ ਦੇਸ਼ ਦੇ ਦੂਰ ਦੁਰਾਡੇ ਖੇਤਰਾਂ ਵਿੱਚੋਂ ਫ਼ੋਨ ਆ ਰਹੇ ਹਨ ਕਿ ਅਸੀਂ ਆਪਣੇ ਬਜ਼ੁਰਗਾਂ ਤੋਂ ਇਮਾਮ ਮਹਦੀ ਅਤੇ ਮਸੀਹ ਬਾਰੇ ਸੁਣਿਆ ਕਰਦੇ ਸਨ । ਆਪ ਦਾ ਲੀਫ਼ ਲੈਟ ਦੇਖਕੇ ਸਾਨੂੰ ਉਤਸੁਕਤਾ ਹੋਈ ਹੈ ਕਿ ਅਸੀਂ ਆਪ ਨੂੰ ਮਿਲੀਏ ਕਿਉਂਕਿ ਸਾਨੂੰ ਲਗੱਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਹੈ ਜੱਦ ਉਮੱਤੇ ਮੁਸਲਿਮਾ ਨੂੰ ਇਕ ਮੁਸਲਿਹ (ਸੁਧਾਰਕ) ਦੀ ਲੋੜ ਹੈ । ਰੱਬ ਦੀ ਮਿਹਰ ਨਾਲ ਬਹੁਤ ਸਾਰਿਆਂ ਲੋਕਾਂ ਨਾਲ ਸਾਡੇ ਰਾਬਤੇ ਹੋਏ ਅਤੇ ਉਹ ਲੋਕ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋਏ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਲੀਫ਼ ਲੈਟ ਤਾਂ ਕੇਵਲ ਪਤਾ ਦਸੱਣ ਲਈ ਇਕ ਸਾਧਨ ਮਾਤਰ ਹੈ ਪਰ ਰੱਬ ਨੇ ਤਾਂ ਪਹਿਲਾਂ ਹੀ ਦਿਲਾਂ ਨੂੰ ਤਿਆਰ ਕੀਤਾ ਹੋਇਆ ਸੀ ਅਤੇ ਜੋ ਅਕਲ ਵਾਲੇ ਹਨ ਉਹ ਮਹਿਸੂਸ ਕਰਦੇ ਹਨ ਕਿ ਇਹ ਸਮਾਂ ਹੈ ਜਿਸ ਵਿੱਚ ਇਕ ਮੁਸਲਿਹ (ਸੁਧਾਰਕ) ਦੀ ਲੋੜ ਹੈ, ਮਸੀਹ ਵ ਮਹਦੀ ਦੀ ਲੋੜ ਹੈ, ਕੌਣ ਕਹਿ ਸਕਦਾ ਹੈ ਕਿ ਇਸ ਦੂਰ ਦੁਰਾਡੇ ਖੇਤਰ ਵਿੱਚ ਕਿਸੇ ਦੇ ਪ੍ਰਭਾਵ ਹੇਠ ਅਮਹਦੀਅਤ ਕੁਬੂਲ ਕੀਤੀ ਗਈ ਹੈ ਜਾਂ ਅਹਮਦੀਅਤ ਦੀਆਂ ਖ਼ਬਰਾਂ ਪਹੁੰਚੀਆਂ । ਸੋ, ਅਲੱਾਹ ਤਆਲਾ ਹੀ ਦਾ ਕੰਮ ਹੈ ਕਿਸੇ ਦੇ ਮਨੁੱਖੀ ਜਤਨਾਂ ਦਾ ਇਸ ਵਿੱਚ ਦਖ਼ਲਾ ਨਹੀਂ ਹੈ ।

ਤੰਜ਼ਾਨੀਆ ਦੇ ਟੋਂਡੋਮਾ ਸ਼ਹਿਰ ਦੇ ਮੁਬਲੱਗ਼ ਲਿਖੱਦੇ ਹਨ ਕਿ ਕੁਰਆਨ ਕਰੀਮ ਦੀ ਇਕ ਪ੍ਰਦਰਸ਼ਨੀ ਸਮੇਂ ਇਕ ਇਸਤਰੀ ਸਾਡੇ ਸਟਾਲ'ਤੇ ਆਈ ਅਤੇ ਬਹੁਤ ਹੈਰਾਨੀ ਨਾਲ ਪੁਛੱਣ ਲੱਗੀ ਕਿ ਇਹ ਮੁਸਲਮਾਨਾਂ ਦਾ ਸਟਾਲ ਹੈ ਫਿਰ ਹੌਲ੍ਹੀ ਹੌਲ੍ਹੀ ਕਿਤਾਬਾਂ ਦਾ ਪਰੀਚੈ ਲੈਂਦੀ ਰਹੀ ਅਖ਼ੀਰ ਇਕ ਕਿਤਾਬ ਖ਼ਰੀਦੀ ਜਿਸ ਵਿੱਚ ਈਸਾਈਆਂ ਬਾਰੇ ਸਮਗੱਰੀ ਸੀ । ਇਕ ਦਿਨ ਬਾਦ ਉਹੋ ਇਸਤਰੀ ਆਪਣੇ ਪਤੀ ਨਾਲ ਮੁੜ੍ਹ ਸਟਾਲ ਉਪੱਰ ਆਈ ਅਤੇ ਉਸ ਦਿਨ ਉਹਨਾਂ ਦੋਹਾਂ ਨੇ ਫ਼ੌਜੀ ਵਰਦੀ ਪਾਈ ਹੋਈ ਸੀ, ਦੋਵੇਂ ਫ਼ੌਜੀ ਸਨ । ਉਹ ਇਸਤਰੀ ਕਹਿਣ ਲੱਗੀ ਕਿ ਇਹ ਮੇਰਾ ਪਤੀ ਹੈ ਅਤੇ ਸਾਡਾ ਵਿਆਹ ਹੋਏ ਨੂੰ ਵਾਹਵਾ ਸਮਾਂ ਹੋ ਗਿਆ ਹੈ, ਮੈਂ ਮੁਸਲਮਾਨ ਹਾਂ ਅਤੇ ਇਹ ਈਸਾਈ ਹਨ । ਉਹ ਇਸਤਰੀ ਕਹਿਣ ਲੱਗੀ ਕਿ ਮੇਰਾ ਚਿਰਾਂ ਤੋਂ ਜਤਨ ਸੀ ਕਿ ਮੈਂ ਆਪਣੇ ਪਤੀ ਨੂੰ ਇਸਲਾਮ ਦੀ ਸਿੱਖਿਆ ਦਸੱਾਂ ਅਤੇ ਉਹਨਾਂ ਨੂੰ ਮੁਸਲਮਾਨ ਕਰਾਂ ਪਰ ਕਿਤੋਂ ਵੀ ਇਸਲਾਮ ਦੀ ਸਿੱਖਿਆ ਬਾਰੇ ਮੈਂਨੂੰ ਕੋਈ ਅਜਿਹੀ ਸਮਗੱਰੀ ਨਹੀਂ ਮਿਲ ਰਹੀ ਸੀ । ਕੱਲ ਜੱਦ ਮੈਂ ਆਪਦੇ ਸਟਾਲ ਉਪੱਰ ਆਈ ਤਾਂ ਮੈਂਨੂੰ ਲੱਗਿਆ ਕਿ ਅੱਜ ਮੈਂ ਸਹੀ ਟਿਕਾਣੇ ਉਪੱਰ ਆਈ ਹਾਂ, ਸੋ, ਮੈਂ ਕੱਲ ਆਪ ਤੋਂ ਇਕ ਕਿਤਾਬ ਖ਼ਰੀਦੀ ਅਤੇ ਇਹਨਾਂ ਨੂੰ ਦਿੱਤੀ ਜਿਸ ਤੋਂ ਇਹਨਾਂ ਦੇ ਵਾਹਵਾ ਪ੍ਰਸ਼ਨਾਂ ਦੇ ਉਤੱਰ ਹਲ ਹੋ ਗਏ ਹਨ ਅਤੇ ਬਾਕੀ ਮੈਂਨੂੰ ਆਸ ਹੈ ਕਿ ਆਪ ਨਾਲ ਗੱਲ ਕਰਕੇ ਹਲ ਹੋ ਜਾਣਗੇ । ਇਉਂ ਕਿੰਨ੍ਹਾ ਹੀ ਚਿਰ ਮੁਬਲੱਗ਼ ਨਾਲ ਇਹਨਾਂ ਦੋਹਾਂ ਦੀਆ ਗਲੱਾਂ ਹੁੰਦੀਆਂ ਰਹੀਆਂ ਅਤੇ ਉਹ ਦੋਵੇਂ ਬੈਅਤ ਕਰਕੇ ਅਮਹਦੀਅਤ ਅਰਥਾਤ ਹਕੀਕੀ ਇਸਲਾਮ ਵਿੱਚ ਦਾਖ਼ਲ ਹੋ ਗਏ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਪਤੀ ਦੇ ਇਸਲਾਮ

ਕੁਬੂਲ ਕਰਾਵਉਣ ਦੀ ਸੱਚੀ ਤੜਪ ਨੇ ਰੱਬ ਦੀ ਮਿਹਰ ਨੂੰ ਇਸ ਵੱਲ ਖਿੱਚਿਆ ਕਿ ਇਤਫ਼ਾਕਨ ਉਹ ਓਥੇ ਆ ਵੀ ਗਈ ਅਤੇ ਫਿਰ ਦੋਹਾਂ ਨੂੰ ਅਲੱਾਹ ਤਆਲਾ ਨੇ ਹਕੀਕੀ ਇਸਲਾਮ ਦੀ ਬੁਕੱਲ ਵਿੱਚ ਆਉਣ ਦਾ ਸੰਜੋਗ ਪ੍ਰਦਾਨ ਕੀਤਾ ।

ਹਰਸ ਫ਼ੀਲਡ ਦੇ ਮੁਬਲੱਗ਼ ਲਿਖੱਦੇ ਹਨ ਕਿ ਏਥੇ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਇਸਲਾਮ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹਨ । ਕਹਿੰਦੇ ਹਨ ਕਿ ਵਾਂਜ਼ਲੇ ਟਾਊਨ ਵਿੱਚ ਪ੍ਰਚਾਰਕ ਲੀਫ਼ਲੈਟ ਵੰਡਿਆ ਗਿਆ ਜਿਸ ਦੇ ਸਬਬ ਕੁਝ ਸਮੇਂ ਬਾਦ ਓਥੋਂ ਪੰਜਾਹ ਤੋਂ ਵੱਧ ਪਰੁਸ਼ ਇਸਤਰੀਆਂ ਦਾ ਜਥੱਾ ਕੋਚ ਕਰਕੇ ਹਰਸ ਫ਼ੀਲਡ ਵਿੱਚ ਸਾਡੀ ਮਸਜਿਦ ਵਿੱਚ ਆਏ । ਉਹਨਾਂ ਦਾ ਉਦੇਸ਼ ਇਸਲਾਮ ਬਾਰੇ ਜਾਨਕਾਰੀ ਲੈਂਣਾ ਸੀ । ਇਸ ਜੱਥੇ ਨਾਲ ਮਸਜਿਦ ਵਿੱਚ ਢਾਈ ਘੰਟੇ ਦਾ ਪ੍ਰੋਗਰਾਮ ਹੋਇਆ ਅਤੇ ਇਸਲਾਮ ਅਤੇ ਅਹਮਦੀਅਤ ਬਾਰੇ ਉਹਨਾਂ ਨੂੰ ਪ੍ਰੀਜ਼ੈਨਟੇਸ਼ਨ ਦਿੱਤੀ ਗਈ ਜਿਸ ਦੇ ਬਾਦ ਪ੍ਰਸ਼ਨ ਉਤੱਰ ਵੀ ਹੋਏ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਲੋਕਾਂ ਦਾ ਆਪ ਆਉਣਾ ਅਤੇ ਆਪ ਧਿਆਨ ਕਰਨਾ ਇਹ ਵੀ ਇਕ ਕੜੀ ਹੈ ਕਿ ਰੱਬ ਹਰ ਥਾਂ ਦੁਨੀਆ ਵਿੱਚ ਲੋਕਾਂ ਦੇ ਦਿਲਾਂ ਦੀਆਂ ਤਾਰਾਂ ਹਿਲਾ ਰਿਹਾ ਹੈ ।

ਫਿਰ ਅਸੀਂ ਦੇਖਦੇ ਹਾਂ ਕਿ ਦੂਰ ਦੁਰਾਡਿਆਂ ਦੇ ਰਹਿਣ ਵਾਲਿਆਂ ਦੇ ਦਿਲਾਂ ਨੂੰ ਈਮਾਨ ਦੇ ਪੱਖੋਂ ਕਿਵੇਂ ਮਜ਼ਬੂਤ ਕੀਤਾ ਅਤੇ ਉਹਨਾਂ ਵਿੱਚ ਕੁਰਬਾਨੀ ਦੀ ਭਾਵਨਾ ਵੀ ਪੈਦਾ ਕੀਤੀ । ਬੈਨਿਨ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਅਲਾਡਾ ਰੀਜਨ ਦੀ ਇਕ ਜਮਾਤ ਸੋਕੋ ਵਿੱਚ ਫਰਵਰੀ ਵਿੱਚ ਇਸ ਸਾਲ ਨਵੀਂ ਮਸਜਿਦ ਦੀ ਉਸਾਰੀ ਹੋਈ । ਮਸਜਿਦ ਦੀ ਓਸਾਰੀ ਵਿੱਚ ਜਮਾਤ ਦੇ ਲੋਕਾਂ ਨੇ ਬਹੁਤ ਸ਼ਰਧਾ ਤੇ ਪ੍ਰੇਮ ਨਾਲ ਭਾਗ ਲਿਆ ਅਤੇ ਅਨੇਕਾਂ ਹੀ ਪੜਾਵਾਂ'ਤੇ ਅਸਾਧਾਰਣ ਰੂਪ ਵਿੱਚ ਸਮੇਂ ਅਤੇ ਮਾਲੀ ਕੁਰਬਾਨੀ ਕਰਦਿਆਂ ਹੋਇਆਂ ਮਜ਼ਦੂਰਾਂ ਦੀ ਸੇਵਾ ਵੀ ਕਰਦੇ ਰਹੇ । ਇਸਤਰੀਆਂ ਵੀ ਉਸਾਰੀ ਦੇ ਕੰਮਾਂ ਲਈ ਦੂਰੋਂ ਪਾਣੀ ਲੈਕੇ ਆਉਂਦੀਆਂ ਰਹੀਆਂ ਅਤੇ ਇਸ ਮਸਜਿਦ ਦੀ ਉਸਾਰੀ ਵਿੱਚ ਭਾਗ ਲੈਂਦੀਆਂ ਰਹੀਆਂ । ਪਿੰਡ ਦੇ ਲੋਕਲ ਸਦਰ ਨੇ ਕਿਹਾ ਕਿ ਇਹ ਇਲਾਕਾ ਨਿਵਾਸੀਆਂ ਲਈ ਪੁਰ ਅਮਨ ਇਸਲਾਮ ਦਾ ਸਥਲ ਹੈ । ਉਥੋਂ ਦੇ ਚੀਫ਼ ਨੇ ਕਿਹਾ ਮੈਂ ਵੀ ਇਕ ਸਮੇਂ ਬੁੱਤ ਪਰਸਤ ਹੁੰਦਾ ਸੀ ਪਰ ਅੱਜ ਅਹਮੀਦਅਤ ਦੀ ਬਦੌਲਤ ਤੌਹੀਦ ਪਰਸਤ ਹੋ ਗਿਆ ਹਾਂ ਅਤੇ ਮੈਂ ਆਪ ਸਭ ਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਇਹ ਜਮਾਤ ਸਚੱਾਈ ਅਤੇ ਪ੍ਰੇਮ ਦੀ ਸੰਪੂਰਨ ਉਧਾਰਣ ਹੈ ਅਤੇ ਜਮਾਤ ਅਹਮਦੀਆ ਦੀ ਬਦੌਲਤ ਹੀ ਮੈਂਨੂੰ ਇਹ ਗਿਆਨ ਪ੍ਰਾਪਤ ਹੋਇਆ ਹੈ ਕਿ ਮੈਂ ਭਾਵੇਂ ਇਕ ਬਾਦਸ਼ਾਹ ਹਾਂ ਪਰ ਮੇਰੇ ਉਪੱਰ ਇਕ ਹੋਰ ਮਹਾਨ ਬਾਦਸ਼ਾਹ ਹੈ ਜਿਸ ਦੀ ਇਬਾਦਤ ਸਾਡੇ ਸਾਰਿਆਂ ਉਪੱਰ ਫ਼ਰਜ਼ ਹੈ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਅਲੱਾਹ ਹੀ ਹੈ ਜੋ ਇਹ ਸੋਚ ਸੋਚਾਂ ਵਿੱਚ ਪੈਦਾ ਕਰਦਾ ਹੈ ਕਿ ਜਮਾਤ ਅਹਮਦੀਆ ਦਾ ਸੰਦੇਸ਼ ਵੀ ਸਚੱਾ ਹੈ ਅਤੇ ਇਸਲਾਮ ਦੀ ਸਿੱਖਿਆ ਵੀ ਸੱਚੀ ਹੈ ਅਤੇ ਇਹੋ ਹਕੀਕੀ ਸਿੱਖਿਆ ਤੇ ਸੰਦੇਸ਼ ਹੈ ਜੋ ਜਮਾਤ ਅਹਮਦੀਆ ਦੁਨੀਆ ਵਿੱਚ ਫੈਲਾ ਰਹੀ ਹੈ ਅਤੇ ਇਹੋ ਉਹ ਸਿੱਖਿਆ ਹੈ ਜਿਸ ਤੋਂ ਮੁਸ਼ਰਿਕ (ਅਨੇਕ ਈਸ਼ਵਰਵਾਦੀ) ਲੋਕ ਇਕ ਰੱਬ ਦੀ ਇਬਾਦਤ ਕਰਨ ਵਾਲੇ (ਈਸ਼ਵਰਦਾਦੀ) ਬਣ ਰਹੇ ਹਨ ।

ਫਿਰ ਬੈਨਿਨ ਦੇ ਇਕ ਮੁਅਲਿੱਮ ਸਾਹਬ ਲਿਖਦੇ ਹਨ ਕਿ ਰੇਡੀਓ ਵਿੱਚ ਪ੍ਰਚਾਰਕ ਪ੍ਰੋਗਰਾਮ ਸਮੇਂ ਇਕ ਦਿਨ ਇਕ ਸਜੱਣ ਗ਼ਾਨ ਓੱਟੇ ਏਰਿਕ ਸਾਹਬ ਦੀ ਫ਼ੋਨ ਕਾਲ ਆਈ । ਉਹਨਾਂ ਨੇ ਸਾਨੂੰ ਆਪਣੇ ਪਿੰਡ ਵਿੱਚ ਪ੍ਰਚਾਰ ਕਰਨ ਦਾ ਨਿਮੰਤਰਣ ਦਿਤੱਾ । ਕਹਿੰਦੇ ਹਨ ਕਿ ਉਹ ਅਜੇ ਆਪਣਾ ਪਤਾ ਹੀ ਦੱਸ ਰਹੇ ਸਨ ਕਿ ਫ਼ੋਨ ਕਾਲ ਕੱਟ ਗਈ ਅਤੇ ਗੱਲ ਪੂਰੀ ਨ ਹੋ ਸਕੀ ਮੁਬਲੱਗ਼ ਸਾਹਬ ਲਿਖੱਦੇ ਹਨ ਕਿ ਇਕ ਦਿਨ ਅਸੀਂ ਪ੍ਰਚਾਰ ਦੇ ਉਦੇਸ਼ ਨਾਲ ਇਕ ਪਿੰਡ ਸੁਨਰ ਪੋਤਾ ਪਹੁੰਚੇ ਤਾਂ ਇਕ ਵਿਅਕਤੀ ਸਾਨੂੰ ਦੇਖ ਕੇ ਖੜਾ ਹੋਇਆ ਅਤੇ ਸਾਰਿਆਂ ਲੋਕਾਂ ਨੂੰ ਕਿਹਾ ਕਿ ਛੇਤੀ ਏਧਰ ਆਓ ਜਿੰਨ੍ਹਾ ਨੂੰ ਅਸੀਂ ਪ੍ਰਤੀਦਿਨ ਰੇਡੀਓ'ਤੇ ਸੁਣਦੇ ਸੀ ਉਹ ਅੱਜ ਆਪ ਸਾਡੇ ਪਿੰਡ ਆ ਗਏ ਹਨ । ਸੋ, ਓਥੇ ਪ੍ਰਚਾਰ ਕਰਨ ਦੇ ਸਿੱਟੇ

ਵਿੱਚ 200 ਤੋਂ ਵੱਧ ਲੋਕਾਂ ਨੇ ਬੈਅਤ ਕੀਤੀ ਅਤੇ ਇਕ ਨਵੀਂ ਜਮਾਤ ਦੀ ਸਥਪਨਾ ਹੋਈ । ਹਜ਼ੂਰ ਅਨਵਰ ਨੇ ਫ਼ਰਮਾਇਆ : ਉਹਨਾਂ ਦੇ ਈਮਾਨ ਦੀ ਮਜ਼ਬੂਤੀ ਦਾ ਹਾਲ ਵੀ ਸੁਣ ਲਓ, ਕਹਿੰਦੇ ਹਨ ਕਿ ਬੈਅਤ ਕਰਨ ਦੇ ਦੋ ਦਿਨਾਂ ਬਾਦ ਤਿੱਖੀ ਵਰਖਾ ਤੇ ਹਨ੍ਹੇਰੀ ਦੇ ਸਬਬ ਏਰਿਕ ਸਾਹਬ ਦੇ ਘਰ ਦੀ ਕੰਧ ਡਿੱਗ ਗਈ ਜਿਸ ਦੇ ਹੇਠਾਂ ਆਣਕੇ ਉਹਨਾਂ ਦਾ ਅੱਠ ਮਹੀਨਿ ਦਾ ਬਚੱਾ ਫ਼ੌਤ ਹੋ ਗਿਆ । ਇਹ ਮੁਸ਼ਰਿਕਾਂ (ਅਨੇਕ ਈਸ਼ਵਰ ਵਾਦੀਆਂ) ਦਾ ਪਿੰਡ ਸੀ । ਪਿੰਡ ਦੇ ਮੁਸ਼ਰਿਕਾਂ ਨੇ ਕਿਹਾ ਕਿ ਦੇਖੋ ਤੁਸੀਂ ਇਸ ਜਮਾਤ'ਤੇ ਈਮਾਨ ਲਿਆਏ ਅਤੇ ਹੁਣ ਤੋਂ ਹੀ ਔਕੁੜਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ । ਇਸ'ਤੇ ਏਰਿਕ ਸਾਹਬ ਨੇ ਕਿਹਾ ਕਿ ਮੈਂ ਸਚੱਾਈ ਦੇਖੀ ਹੈ, ਉਸ'ਤੇ ਈਮਾਨ ਲੈਕੇ ਆਇਆ ਹਾਂ, ਬਾਕੀ ਸੰਤਾਨ ਤੇ ਮਾਲ ਦੌਲਤ ਰੱਬ ਹੀ ਦਿੰਦਾ ਹੈ ਅਤੇ ਉਹੋ ਵਾਪਸ ਵੀ ਲੈ ਲੈਂਦਾ ਹੈ । ਮੈਂ ਇਸ ਜਮਾ ਤੋਂ ਕਦੇ ਵੀ ਪਿੱਛੇ ਨਹੀਂ ਹਟਾਂਗਾ ਭਾਂਵੇਂ ਕੁਝ ਵੀ ਹੋਵੇ । ਮੈਂ ਅਹਮਦੀਅਤ ਕੁਬੂਲ ਕੀਤੀ ਹੈ, ਮੈਂ ਅਹਮਦੀ ਹਾਂ ਅਤੇ ਇੰਸ਼ਾਅਲੱਾਹ ਮਰਦੇ ਦਮ ਤੱਕ ਅਮਹਦੀ ਹੀ ਰਹਾਂਗਾ । ਤਾਂ ਇਹ ਹੈ ਈਮਾਨ ਦੀ ਮਜ਼ਬੂਤੀ ਅਤੇ ਤੌਹੀਦ ਉਪੱਰ ਕਾਇਮ ਹੋਣਾ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀ ਅਲੱਾਹ ਤਆਲਾ ਦਿਲਾਂ ਵਿੱਚ ਪੈਦਾ ਕਰ ਰਿਹਾ ਹੈ । ਉਹਨਾਂ ਨੇ ਆਪਣੀ ਇਕ ਵਿਅਕਤੀਗੱਤ ਜ਼ਮੀਨ ਦਾ ਇਕ ਭਾਗ ਨਮਾਜ਼ ਸੈਂਟਰ (ਮਸਜਿਦ) ਬਨਾਉਣ ਲਈ ਵੀ ਦਿੱਤਾ ਸਗੋਂ ਇਸ ਵਿੱਚ ਆਪ ਹੀ ਇਕ ਸਾਧਾਰਣ ਜਿਹਾ ਛਪੱਰ ਆਦਿ ਦਾ ਫ਼ੌਰੀ ਪ੍ਰਬੰਧ ਕਰਕੇ ਦਿਤੱਾ ਤਾਂ ਜੋ ਕੁਰਆਨ ਕਰੀਮ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾ ਸਕਣ । ਅਲੱਾਹ ਤਆਲਾ ਇਸ ਪ੍ਰਕਾਰ ਅਹਮਦੀਅਤ ਅਤੇ ਹਕੀਕੀ ਇਸਲਾਮ ਦਾ ਸੰਦੇਸ਼ ਪਹੁੰਚਾਉਣ ਦੇ ਮਾਰਗ ਖੋਲਦਾ ਹੈ ।

ਤਨਜ਼ਾਨੀਆ ਦੇ ਮੁਬਲੱਗ਼ ਲਿਖਦੇ ਹਨ ਕਿ ਸ਼ਯਾਂਗਾ ਰੀਜਨ ਦੇ ਇਕ ਪਿੰਡ ਵਿੱਚ ਇਸ ਸਾਲ ਇਕ ਨਵੀਂ ਜਮਾਤ ਦੀ ਸਥਾਪਨਾ ਹੋਈ । ਇਸੇ ਰੀਜਨ ਦੇ ਇਕ ਹੋਰ ਪਿੰਡ ਵਿੱਚ ਪ੍ਰਚਾਰਕ ਪ੍ਰੋਗਰਾਮ ਆਯੋਜਤ ਹੋ ਰਿਹਾ ਸੀ । ਇਕ ਇਸਤਰੀ ਇਤਫ਼ਾਕਨ ਪਹੁੰਚੀ ਅਤੇ ਉਸ ਨੇ ਜੱਦ ਜਮਾਤ ਦਾ ਸੰਦੇਸ਼ ਸੁਣਿਆਂ ਤਾਂ ਕਹਿਣ ਲੱਗੀ ਆਪ ਲੋਕ ਸਾਡੇ ਪਿੰਡ ਵੀ ਇਸਲਾਮ ਦਾ ਸੰਦੇਸ਼ ਲੈਕੇ ਆਓ ਕਿਉਂਕਿ ਓਥੇ ਕੁਝ ਮੁਸਲਮਾਨ ਹਨ ਅਤੇ ਉਹਨਾਂ ਦੀ ਇਕ ਮਸਜਿਦ ਵੀ ਹੈ ਪਰ ਜੋ ਇਸਲਾਮ ਆਪ ਪੇਸ਼ ਕਰ ਰਹੇ ਹਨ ਉਹ ਉਹਨਾਂ ਦੇ ਇਸਲਾਮ ਤੋਂ ਉਕੱਾ ਹੀ ਭਿੰਨ ਹੈ । ਸੋ, ਜੱਦ ਸਾਡੇ ਮੁਅਲੱਮੀਨ ਨੇ ਓਥੇ ਜਾਕੇ ਇਸਲਾਮ ਅਹਮਦੀਅਤ ਦਾ ਪ੍ਰਚਾਰ ਕੀਤਾ ਤਾਂ ਪਹਿਲੇ ਦਿਨ ਇਮਾਮ ਮਸਜਿਦ ਸਮੇਤ 93 ਲੋਕਾਂ ਨੇ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋਏ । ਜੱਦ ਇਸ ਖੇਤਰ ਦੇ ਸੁੱਨੀ ਮੌਲਵੀ ਨੂੰ ਪਤਾ ਲਗੱਾ ਕਿ ਇਹ ਲੋਕ ਅਹਮਦੀ ਹੋ ਗਏ ਹਨ ਤਾਂ ਇਸ ਪਿੰਡ ਪਹੁੰਚਿਆ ਅਤੇ ਕਹਿਣ ਲਗੱਾ ਤੁਸੀ ਲੋਕ ਗੁਮਰਾਹ ਹੋ ਗਏ ਹੋ ਅਤੇ ਭਟਕ ਗਏ ਹੋ । ਇਹ ਲੋਕ ਮੁਸਲਮਾਨ ਨਹੀਂ ਹਨ । ਇਸ'ਤੇ ਨਵੇਂ ਅਹਮਦੀ ਹੋਇਆਂ ਨੇ ਉਤੱਰ ਦਿਤੱਾ ਕਿ ਅਸੀਂ ਸੋਚ ਸਮਝ ਕੇ ਅਹਮਦੀਅਤ ਕੁਬੂਲ ਕੀਤੀ ਹੈ ਅਤੇ ਇਹੋ ਹਕੀਕੀ ਇਸਲਾਮ ਹੈ । ਇਸ ਲਈ ਅਸੀਂ ਤੁਹਾਡੀ ਕੋਈ ਗੱਲ ਨਹੀਂ ਸੁਣਾਗੇ।

ਬੈਨਿਨ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਬੋਹਿਕੋਂ ਰੀਜਨ ਦੀ ਇਕ ਜਮਾਤ ਵਿੱਚ ਸਾਡੀ ਮਸਜਿਦ ਦੀ ਉਸਾਰੀ ਹੋਈ ਇਸ ਪਿੰਡ ਵਿੱਚ ਮਾਰਚ 2015 ਈ. ਵਿੱਚ ਅਹਮਦੀਅਤ ਦਾ ਪੋਦਾ ਲਗੱਾ ਸੀ ਅਤੇ 245 ਲੋਕ ਜਮਾਤ ਵਿੱਚ ਦਾਖ਼ਲ ਹੋਏ । ਜੱਦ ਤੋਂ ਇਸ ਜਮਾਮਤ ਨੇ ਅਹਮਦੀਅਤ ਕੁਬੂਲ ਕੀਤੀ ਹੈ ਇਹਨਾਂ ਨੂੰ ਨਿਰੰਤਰ ਵਿਰੋਧਤਾ ਦਾ ਸਾਹਮਣਾ ਹੈ ਸਾਕਾਂ ਸੰਬੰਧੀਆਂ ਵੱਲੋਂ ਵੀ ਵਿਰੋਧਤਾ ਹੋਈ ਪਿੰਡ ਦੇ ਇਮਾਮ ਵੱਲੋਂ ਵੀ ਸ਼ਖ਼ਤ ਵਿਰੋਧਤਾ ਹੋਈ । ਪਿੰਡ ਦੇ ਇਮਾਮ ਨੇ ਵੱਖ ਵੱਖ ਇਮਾਮਾਂ ਨੂੰ ਪਿੰਡ ਵਿੱਚ ਬੁਲਾਕੇ ਜਮਾਤ ਦੇ ਵਿਰੁਧ ਇਕ ਮੋਰਚਾ ਖੜਾ ਕਰ ਦਿੱਤਾ ਪਰ ਰੱਬ ਦੀ ਮਿਹਰ ਨਾਲ ਜਮਾਤ ਦੇ ਲੋਕ ਆਪਣੇ ਬੈਅਤ ਦੇ ਪ੍ਰਣ ਵਿੱਚ ਪੱਕੇ ਤੋਰ'ਤੇ ਕਾਇਮ ਹਨ । ਚਲਦੇ ਸਾਲ ਵਿੱਚ ਜੱਦ ਏਥੇ ਮਸਜਿਦ ਦੀ ਓਸਾਰੀ ਸ਼ੁਰੂ ਹੋਈ ਤਾਂ ਦੂਜੀਆਂ ਜਮਾਤਾਂ ਦੇ ਮੌਲਵੀ ਖੁਲੱਕੇ ਵਿਰੋਧਤਾ ਕਰ ਲੱਗੇ, ਲੋਕਾਂ ਨੂੰ ਕਹਿਣ ਲੱਗੇ ਕਿ ਅਹਮਦੀਆਂ ਦੀ ਮਸਜਿਦ ਤੋਂ ਚੰਗਾ ਹੈ ਤੁਸੀਂ ਲੋਕ ਕਿਸੇ ਚਰਚ ਵਿੱਚ ਜਾਕੇ ਨਮਾਜ਼ ਪੜ੍ਹ ਲਓ । ਜੋ ਮਿਸਤਰੀ

ਮਸਜਿਦ ਦੀ ਉਸਾਰੀ ਕਰ ਰਿਹਾ ਸੀ ਉਸ ਦੇ ਘਰ ਜਾਕੇ ਉਸਨੂੰ ਵੀ ਧਮਕੀਆਂ ਦਿੱਤੀਆਂ ਕਿ ਉਹ ਮਸਜਿਦ ਦੀ ਉਸਾਰੀ ਨ ਕਰੇ । ਪਰ ਇਹਨਾਂ ਸਾਰੀਆਂ ਧਮਕੀਆਂ ਅਤੇ ਹਾਲਾਤਾਂ ਦੇ ਹੁੰਦਿਆਂ ਹੋਇਆਂ ਵੀ ਰੱਬ ਦੀ ਮਿਹਰ ਨਾਲ ਜਮਾਤ ਨੂੰ ਏਥੇ ਮਸਜਿਦ ਬਨਾਉਣ ਦਾ ਸੰਜੋਗ ਪ੍ਰਾਪਤ ਹੋਇਆ ਅਤੇ ਇਸ ਦੇ ਦੋ ਮਿਨਾਰੇ ਵੀ ਜੋ ਤੇਰ੍ਹਾਂ ਮੀਟਰ ਉਚੇ ਹਨ। ਬਹੁਤ ਸੁੰਦਰ ਮਸਜਿਦ ਹੈ । 375 ਲੋਕ ਇਸ ਵਿੱਚ ਨਮਾਜ਼ ਪੜ੍ਹ ਸਕਦੇ ਹਨ ।

ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਨੇ ਫ਼ਰਮਾਇਆ : ਅੱਲਾਹ ਤਆਲਾ ਸੁਪਨਿਆਂ ਰਾਹੀਂ ਵੀ ਮਾਰਗ ਦਰਸ਼ਨ ਕਰਦਾ ਹੈ । ਆਇਵਰੀ ਕੋਸਟ ਦੇ ਸਾਨ ਪੈਦਰੋ ਰੀਜਨ ਦੇ ਇਕ ਸਜੱਣ ਜ਼ੇਨਾਮ ਅਹਮਦ ਸਾਹਬ ਨੇ ਬੈਅਤ ਕੀਤੀ । ਇਹਨਾਂ ਦਾ ਸੰਬੰਧ ਈਸਾਈਅਤ ਨਾਲ ਸੀ ਪਰ ਬਾਦ ਵਿੱਚ ਇਸਲਾਮ ਕੁਬੂਲ ਕਰਕੇ ਵਹਾਬੀ ਫ਼ਿਰਕੇ ਵਿੱਚ ਸ਼ਾਮਲ ਹੋ ਗਏ । ਉਹ ਦਸੱਦੇ ਹਨ ਕਿ ਇਸਲਾਮ ਕੁਬੂਲ ਕਰਕੇ ਮੈਂ ਨਮਾਜ਼ ਸਿੱਖੀ ਅਤੇ ਨਿਰੰਤਰ ਮਸਜਿਦ ਵਿੱਚ ਜਾਕੇ ਨਮਾਜ਼ਾਂ ਦੀ ਅਦਾਇਗੀ ਸ਼ੁਰੂ ਕਰ ਦਿੱਤੀ, ਇਸੇ ਦੌਰਾਨ ਮੈਂ ਸੁਪਨੇ ਵਿੱਚ ਦੋ ਵਾਰ ਇਕ ਬਜ਼ੁਰਗ ਨੂੰ ਦੇਖਿਆ । ਸੁਪਨੇ ਵਿੱਚ ਹੀ ਮੈਂਨੂੰ ਪਤਾ ਲਗੱਾ ਕਿ ਇਹ ਵਿਅਕਤੀ ਰੱਬ ਦਾ ਨਬੀ ਹੈ ਮੈਂ ਸਮਝਿਆ ਕਿ ਸੰਭਵਤਾ ਇਹ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਜ਼ਿਯਾਰਤ (ਦਰਸ਼ਨ) ਹੋਈ ਹੋਵੇ । ਕੁਝ ਸਮੇਂ ਬਾਦ ਇਕ ਵਾਰ ਫਿਰ ਮੈਂ ਸੁਪਨੇ ਵਿੱਚ ਦੇਖਿਆ ਕਿ ਉਹਨਾਂ ਬਜ਼ੁਰਗ ਦੀ ਫੋਟੋ ਟੀਵੀ ਉਪੱਰ ਆ ਰਹੀ ਹੈ ਅਤੇ ਕੋਈ ਨਾਲ ਨਾਲ ਕੁਰਆਨ ਕਰੀਮ ਤਲਾਵਤ ਕਰ ਰਿਹਾ ਹੈ ਅਤੇ ਟੀਵੀ ਦੇ ਹੇਠਾਂ ਕ੍ਰੀਂਰ ਵਿੱਚ ਲਿੱਖਿਆ ਹੋਇਆ ਹੈ 'ਮਿਸ਼ਨ ਇਸਲਾਮਕ ਅਹਮਦੀਆ' ਇਸ ਸੁਪਨੇ ਦੇ ਬਾਦ ਮੈਂ ਮਸਜਿਦ ਦੇ ਇਮਾਮ ਸਾਹਬ ਨੂੰ ਅਹਦੀਆ ਜਮਾਤ ਬਾਰੇ ਪੁੱਛਿਆ । ਪਹਿਲਾਂ ਤਾਂ ਇਮਾਮ ਸਾਹਬ ਨੇ ਟਾਲ ਮਟੋਲ ਨਾਲ ਕੰਮ ਲਿਆ ਪਰ ਮੇਰੇ ਹੱਠ ਕਰਨ'ਤੇ ਕਹਿਣ ਲੱਗੇ ਕਿ ਇਹ ਅਹਦੀ ਹਨ ਇਹ ਮੁਸਲਮਾਨ ਨਹੀਂ ਹਨ । ਤੁਹਾਨੂੰ ਕੀ ਹੋ ਗਿਆ ਹੈ ਕਿਸ ਨੇ ਤੁਹਾਨੂੰ ਵਰਗਲਾ ਦਿੱਤਾ ਹੈ, ਕਿਉ ਤੁਸੀਂ ਆਪਣਾ ਇਸਲਾਮ ਬਰਬਾਦ ਕਰਨ'ਤੇ ਤੁਲੇ ਹੋਏ ਹੋ? ਉਹਨਾਂ ਨੇ ਮੋਲਵੀ ਸਾਹਬ ਨੂੰ ਉਤੱਰ ਦਿਤੱਾ ਕਿ ਮੈਂਨੂੰ ਕਿਸੇ ਨੇ ਨਹੀਂ ਵਰਗਲਾਇਆ ਕਿਉਂਕਿ ਮੈਂ ਤਾਂ ਹੁਣ ਤੱਕ ਕਿਸੇ ਅਹਮਦੀ ਨੂੰ ਮਿਲਿਆ ਹੀ ਨਹੀਂ । ਮੈਂਨੂੰ ਤਾਂ ਖ਼ੁਦਾ ਤਆਲਾ ਨੇ ਅਹਮਦੀਅਤ ਦਾ ਮਾਰਗ ਦਿਖਾਇਆ ਹੈ । ਘਰ ਆਕੇ ਮੈਂਨੂੰ ਹੋਰ ਵੀ ਚਿੰਤਾ ਹੋਣੀ ਸੁਰੂ ਹੋ ਗਈ । ਕਹਿੰਦੇ ਹਨ ਕਿ ਅਖੀਰ ਇਹ ਅਹਮਦੀ ਲੋਕ ਕੌਣ ਹਨ ਅਤੇ ਇਮਾਮ ਸਾਹਬ ਇਹਨਾਂ ਨੂੰ ਕਾਫ਼ਰ ਕਿਉ ਕਹਿੰਦੇ ਹਨ । ਇਸ'ਤੇ ਮੈਂ ਰੱਬ ਅੱਗੇ ਅਰਜੋਈ ਕੀਤੀ, ਬਹੁਤ ਦੁਆ ਕੀਤੀ ਕਿ ਹੇ, ਖ਼ੁਦਾ ! ਤੂੰ ਹੀ ਮੈਂਨੂੰ ਸਿਧੱਾ ਮਾਰਗ ਦਿਖਾ । ਮੈਂ ਆਪਣੇ ਜਾਣ ਪਛਾਣ ਦੇ ਲੋਕਾਂ ਨੂੰ ਜਮਾਤ ਬਾਰੇ ਪੁਛੱਦਾ ਰਿਹਾ ਪਰ ਕੋਈ ਵੀ ਰਾਬਤੇ ਦਾ ਸਾਧਨ ਨਹੀਂ ਮਿਲ ਰਿਹਾ ਸੀ ਅਖੀਰ ਇਕ ਦਿਨ ਇਕ ਮਿਤੱਰ ਨੇ ਦੱਸਿਆ ਕਿ ਇਕ ਦੂਜੇ ਸ਼ਹਿਰ ਦਿਲਵਾ ਵਿੱਚ ਅਹਮਦੀ ਮੌਜੂਦ ਹਨ । ਸੋ, ਮੈਂ ਲੋਕਾਂ ਨੂੰ ਪੁਛੱਦੇ ਪੁਛਾਉਦੇ ਮਿਸ਼ਨ ਹਾਊਸ ਤੱਕ ਪਹੁੰਚ ਹੀ ਗਿਆ । ਜਿੱਥੇ ਮਿਸ਼ਨਰੀ ਸਾਹਬ ਨੇ ਜਮਾਤ ਦਾ ਪਰੀਚੈ ਕਰਵਾਇਆ । ਓਥੇ ਮਿਸ਼ਨ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਫ਼ੋਟੋ ਦੇਖਕੇ ਮੈਂ ਹੈਰਾਨ ਰਹਿ ਗਿਆ । ਪੁਛੱਣ'ਤੇ ਮਿਸ਼ਨਰੀ ਸਾਹਬ ਨੇ ਦੱਸਿਆ ਕਿ ਇਹੋ ਇਮਾਮ ਮਹਦੀ ਅਤੇ ਸਮੇਂ ਦੀ ਮਸੀਹ ਹਨ । ਸੋ, ਮੈਂ ਉਸੇ ਸਮੇਂ ਓਥੇ ਅਮਹਦੀਅਤ ਕੁਬੂਲ ਕਰ ਲਈ ਅਤੇ ਮਿਸ਼ਨਰੀ ਨੂੰ ਦੱਸਿਆ ਕਿ ਇਹੋ ਬਜ਼ੁਰਗ ਮੈਂਨੂੰ ਦੋ ਵਾਰ ਸੁਪਨੇ ਵਿੱਚ ਦਿਖਾਈ ਦਿੱਤੇ ਸਨ । ਇਹ ਸਾਡੇ ਮੁਬੱਲਗ਼ ਨੂੰ ਕਹਿਣ ਲੱਗੇ ਕਿ ਬੈਅਤ ਫ਼ਾਰਮ ਤਾਂ ਮੈਂ ਹੁਣ ਪੁਰ ਕੀਤਾ ਹੈ ਪਰ ਮੈਂ ਅਹਮਦੀ ਉਸ ਦਿਨ ਤੋਂ ਹਾਂ ਜੱਦ ਰੱਬ ਨੇ ਮੈਂਨੂੰ ਸੁਪਨੇ ਵਿੱਚ ਮਾਰਗ ਦਰਸ਼ਨ ਕਰ ਦਿੱਤਾ ਸੀ ।

ਫਿਰ ਬੈਲਜੀਅਮ ਤੋਂ ਮੁਬਲੱਗ਼ ਇੰਚਾਰਜ ਲਿਖੱਦੇ ਹਨ ਕਿ ਬੈਲਜੀਅਮ ਜਮਾਤ ਵਿੱਚ ਨਵੇਂ ਅਹਮਦੀ ਹੋਏ ਇਦਰੀਸ ਸਾਹਬ ਨੇ ਸੁਪਨੇ ਵਿੱਚ ਇਕ ਬਜ਼ੁਰਗ ਨੂੰ ਦੇਖਿਆ ਫਿਰ ਦੋ ਸਾਲ ਪਹਿਲਾਂ ਇਕ ਦਿਨ ਟੀਵੀ ਉਪੱਰ ਵੱਖ ਵੱਖ ਚੈਨਲ ਬਦਲ ਰਹੇ ਸਨ ਕਿ ਅਚਨਚੇਤ ਐਮ.ਟੀ.ਏ. ਅਰੇਬੀਆਹ ਉਪੱਰ ਨਜ਼ਰ ਪਈ, ਇਹਨਾਂ ਨੇ ਐਮਟੀਏ ਉਪੱਰ

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਫੋਟੋ ਦੇਖੀ ਤਾਂ ਉਹਨਾਂ ਨੂੰ ਝੱਟ ਆਪਣਾ ਸੁਪਨਾ ਚੇਤੇ ਆ ਗਿਆ । ਉਹਨਾਂ ਨੇ ਸੁਪਨੇ ਵਿੱਚ ਇਸੇ ਬਜ਼ੁਰਗ ਨੂੰ ਦੇਖਿਆ ਸੀ । ਸੋ, ਉਹਨਾਂ ਨੇ ਬਕਾਇਦਗੀ ਨਾਲ ਐਮਟੀਏ ਦੇਖਣਾ ਸ਼ੁਰੂ ਕਰ ਦਿੱਤਾ । ਇਸ ਪ੍ਰਕਾਰ ਉਹਨਾਂ ਦਾ ਦਿਲ ਅਹਮਦੀਅਤ ਵੱਲ ਆਕਰਸ਼ਤ ਹੁੰਦਾ ਗਿਆ । ਇਸ ਦੇ ਬਾਦ ਇਹ ਆਪ ਜਤਨ ਕਰਕੇ ਬੈਲਜੀਅਮ ਜਮਾਤ ਦਾ ਐਡਰਸ ਭਾਲ ਕਰਕੇ ਮਿਸ਼ਨ ਹਾਊਸ ਪਹੁੰਚੇ ਅਤੇ ਕਹਿਣ ਲੱਗੇ ਕਿ ਮੈਂ ਬੈਅਤ ਕਰਨ ਲਈ ਆਇਆ ਹਾਂ । ਮੁਰੱਬੀ ਸਾਹਬ ਨੇ ਉਹਨਾਂ ਨੂੰ ਕਿਹਾ ਕਿ ਪਹਿਲਾਂ ਜਮਾਤ ਬਾਰੇ ਕੁਝ ਪੜ੍ਹ ਲੈਂਣ ਹੋਰ ਜਾਣਕਾਰੀ ਹਾਸਲ ਕਰ ਲੈਂਣ ਫਿਰ ਨਿਰਣਾ ਕਰਨ । ਉਹਨਾਂ ਨੇ ਕਿਹਾ ਕਿ ਮੈਂਨੂੰ ਮੇਰੇ ਸਾਰਿਆਂ ਪ੍ਰਸ਼ਨਾਂ ਦੇ ਉਤੱਰ ਮਿਲ ਚੁਕੇ ਹਨ । ਕਹਿਣ ਲੱਗੇ ਮੇਰਾ ਦਿਲ ਤਾਂ ਪਹਿਲਾਂ ਹੀ ਸੰਤੋਖੀ ਸੀ, ਸੋ, ਉਹਨਾਂ ਨੇ ਬੈਅਤ ਕਰ ਲਈ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਹੁਣ ਦੇਖੋ ਜਿਵੇਂ ਕਿ ਮੈਂ ਕਿਹਾ ਕਿ ਜੇਕਰ ਅਫ਼ਰੀਕਾ ਦੇ ਦੂਰ ਦੁਰਾਡੇ ਦੇਸ਼ਾਂ ਵਿੱਚ ਰੱਬ ਦਿਲ ਖੋਲ ਰਿਹਾ ਹੈ ਇਹ ਯੂਰੋਪ ਵਿੱਚ ਵੀ ਖੋਲ ਰਿਹਾ ਹੈ ।

ਅਲੱਾਹ ਤਆਲਾ ਦੀ ਮਿਹਰ ਨਾਲ ਜਿਵੇਂ ਵਿਰੋਧੀ ਸਾਡੇ ਮਾਰਗ ਵਿੱਚ ਰੋਕਾਂ ਪਾਉਂਣ ਦਾ ਜਤਨ ਕਰਦੇ ਹਨ ਵਿਰੋਧਤਾ ਵਿੱਚ ਵਧੱਦੇ ਜਾ ਰਹੇ ਹਨ, ਰੱਬ ਵੀ ਉਸੇ ਪ੍ਰਕਾਰ ਉਹਨਾਂ ਦੇ ਮੂੰਹ ਬੰਦ ਕਰਨ ਦੇ ਸਾਧਨ ਕਰ ਰਿਹਾ ਹੈ ਅਤੇ ਜੋ ਨਵੇਂ ਅਹਮਦੀ ਸ਼ਾਮਲ ਹੁੰਦੇ ਹਨ ਉਹਨਾਂ ਦੇ ਈਮਾਨ ਵਿੱਚ ਵਾਧੇ ਦਾ ਵੀ ਸਾਧਨ ਕਰ ਰਿਹਾ ਹੈ ।

ਅਲੱਾਹ ਤਆਲਾ ਦੀਆਂ ਮਿਹਰਾਂ ਦੇ ਇਹ ਕੁਝ ਕੁ ਨਮੂਨੇ ਜੋ ਮੈਂ ਪੇਸ਼ ਕੀਤੇ ਹਨ । ਬੇਅੰਤ ਨਮੂਨੇ ਹਨ । ਅਲੱਾਹ ਕਰੇ ਕਿ ਅਸੀਂ ਉਸ ਦੀਆਂ ਮਿਹਰਾਂ ਨੂੰ ਹਮੇਸ਼ਾ ਜਜ਼ਬ (ਸਮੋਹਣ ਵਾਲੇ) ਕਰ ਵਾਲੇ ਹੋਈਏ । ਸਾਡੇ ਉਪੱਰ ਜੋ ਰੱਬ ਨੇ ਇਹ ਉਪਕਾਰ ਕੀਤਾ ਹੈ ਕਿ ਸਾਨੂੰ ਅਹਮਦੀਅਤ ਦੀ ਤੋਫ਼ੀਕ ਪ੍ਰਦਾਨ ਕੀਤੀ ਹੈ, ਇਸ ਵਿੱਚ ਅਲੱਾਹ ਤਆਲਾ ਸਾਨੂੰ ਦ੍ਰਿੜ੍ਹਤਾ ਵੀ ਪ੍ਰਦਾਨ ਕਰੇ ਅਤੇ ਈਮਾਨ ਤੇ ਆਸਥਾ ਵਿੱਚ ਵਧਾਉਂਦਾ ਚਲਾ ਜਾਵੇ ।

**Khulasa Khutba 26.08.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131